# <u>ਡੇਰਾਵਾਦ ਦਾ ਮਹਾਕਾਲ ਸਿਖੀ ਨੂੰ ਨਿਗਲ ਰਿਹੈ !!</u>



ਪ੍ਰੋਫ਼ੈਸੌਰ ਭੁਪਿੰਦਰ ਸਿੰਘ ਸੋਲਿਸਟਰ
**Mobile: 07809542816**

ਗੁਰੂ ਖਾਲਸਾ ਜੀ ਪਿਛਲੇ ਸੱਤਰ-ਅਸੀ ਸਾਲਾ ਤੋ ਡੇਰਾਵਾਦ ਸਿਖੀ ਦੀਆ ਜੜਾ ਵਿਚ ਕਾਂਗ੍ਰੇਸ ਘਾਹ ਵਾਙ ਜੜਾ ਫ਼ੈਲਾ ਰਿਹਾ ਹੈ ਅਤੇ ਉਸ ਨੇ ਹੁਣ ਮਹਾ ਕਾਲ ਦਾ ਰੂਪ ਧਾਰਨ ਕਰ ਲਿਆ ਹੈ, ਉਸ ਦੇ ਇਕ ਹਥ ਵਿਚ ਸਾਕਤਾਂ ਦਾ ਬਚਿਤਰ ਨਾਟਕ (ਅਖੋਤੀ ਦਸਮ ਗਰੰਥ) ਹੈ, ਦੂਜੇ ਹਥ ਵਿਚ ਹਥਿਯਾਰ ਹਨ।

ਅਗਿਆਨੀ-ਬੁਰਛੇ ਨੋਜਵਾਨ -ਜਿਹੜੇ ਪੰਜਾਬੀ ਤੋ ਕੋਰੇ ਅਤੇ ਸਤਗੁਰੁ ਗਰੰਥ ਸਾਹਬ ਦੀ ਬਾਣੀ ਤੋ ਅਣਭਿਜ ਹਨ!! ਏਹਨਾ ਦਾ ਸਾਰਾ ਜੋਰ ਬਾਹਰੀ ਸ਼ਕਲਾ ਬਣਾਉਣ ਉਤੇ ਹੈ, ਜਿਵੇ ਕਿ ਹਿੰਦੂ ਰਾਮਲੀਲਾ ਵਿਚ ਕੋਈ ਰਾਮਚੰਦਰ , ਹਨੂਮਾਨ, ਲਛਮਣ ਆਦਿ ਬਨਦਾ ਹੈ, ਉਪਰੋਂ ਉਪਰੋਂ ਦਿਖਾਵੇ ਦੀ ਐਕਟਿੰਗ ਕਰਦਾ ਹੈ। ਨੋਜਵਾਨਾ ਨੂੰ ਵਰ੍ਗ੍ਲਾਉਣਾ ਬਹੁਤ ਸੌਖਾ ਹੁੰਦਾ ਹੈ। ਏਹੋ ਜੇਹੇ ਹੀ ਹਾਲਾਤ ਸਨ ਮਹਾਰਾਜਾ ਰਣਜੀਤ ਸਿੰਘ ਦੇ ਮਰਨ ਉਪਰੰਤ, ਜਦੋ ਨੋਜਵਾਨ ਬੁਰਸ਼ਾ ਸਿਖ ਫੌਜ ਲਾਲਚੀ ਅਤੇ ਖੁਦਗਰਜ ਹੋ ਗਈ ਸੀ। ਜਿਹੜਾ ਵੀ ਓਨਾ ਨੂੰ ਸੋਨੇ ਦੇ ਕੰਠੇ ਅਤੇ ਧਨ ਦਿੰਦਾ ਸੀ, ਚਾਹੇ ਓਹ ਧਿਆਨ ਸਿੰਘ ਡੋਗਰਾ, ਗੁਲਾਬ ਸਿੰਘ, ਸੁਚੇਤ ਸਿੰਘ ਡੋਗਰੇ ਜਾ ਤੇਜ ਸਿੰਘ ਭੈਯਾ ਆਦਿ ਸਨ, ਉਸੇ ਦੇ ਹਥਾ ਵਿਚ ਖੇਡ ਕੇ, ਕੰਵਰ ਨੋਨਿਹਾਲ ਸਿੰਘ, ਮਹਾਰਾਜਾ ਸ਼ੇਰ ਸਿੰਘ ਆਦਿ ਦੇ ਕਤਲ ਕੀਤੇ ਅਤੇ ਸਿਖ ਰਾਜ ਦੀ ਬਰਬਾਦੀ ਕਰ ਦਿਤੀ।

ਅਜ ਫਿਰ ਨਾਰੇਨੂ ਮਹੰਤ, ਧੀਰ੍ਮਲੀਏ, ਰਾਮ੍ਰਾਈਏ, ਜੋਗੀਆਂ-ਸੰਨਿਆਸੀਆਂ ਨੇ ਸਿਖਾ ਨਾਲ ਬਾਹਰੀ ਲੜਾਈ ਕਰਨ ਦੀ ਬਜਾਏ ਡੇਰਿਆਂ, ਟਕਸਾਲਾਂ, ਬਿਆਸਾ, ਸਰਸੇ ਆਦਿ ਦਾ ਰੂਪ ਧਾਰਨ ਕਰ ਲਿਆ ਹੈ। ਏਨਾ ਨੂੰ ਹਿੰਦੁਸਤਾਨ ਦੀ ਸਟੇਟ ਤੇ ਉਸ ਦੀਆ ਏਜੰਸੀਆਂ ਦਾ ਪੂਰਨ ਸਮਰਥਨ ਹੇ । ਪਿਛਲੇ ਸਤਰ ਅਸੀਂ ਸਾਲਾਂ ਵਿਚ ਇਨਹਾਂ ਪੰਥ ਦੁਸਮਨਾ ਨੇ ਮਹਾਂਕਾਲ ਦਾ ਰੂਪ ਧਾਰਨ ਕਰ ਲਿਆ ਹੇ। ਸਿਖਾ ਦੀ ਜਨਮ ਭੂਮੀ ਪੰਜਾਬ ਵਿਚੋ ਸਿਖੀ ਦਾ ਭੋਗ ਪਾਉਨ ਲਈ ਇਨ੍ਹ ਨੇ ਹਰ ਹੀਲਾ ਵਸੀਲਾ ਵਰਤਿਆ ਹੈ। ਡੇਰੇ, ਢਿੱਲੌਆਂ, ਬਰਾੜਾਂ, ਗਿੱਲਾਂ ਨਾਲ ਭਰੇ ਪਏ ਹਨ ਅਤੇ ਏਹੀ ਲੋਕ ਸਨ ਜਿਨ੍ਹਾਂ ਨੇ ਦਰਬਾਰ ਸਾਹਿਬ- ਅਕਾਲ ਤਖ਼ਤ ਸਾਹਿਬ ਉਤੇ ਹਮਲਾ ਕਰਕੇ ਹਜ਼ਾਰਾਂ ਸਿਖਾਂ ਦਾ ਕਤਲ ਕੀਤਾ। ਅਜ ਫਿਰ ਪੰਜਾਬ ਦਾ ਹਾਕਮ ਢਿੱਲੋ ਹੈ ਤੇ ਗ਼ਦਾਰ ਮਜੀਠੀਏ ਹਨ ਜਿਨ੍ਹਾਂ ਨੇ ਮਹਾਰਾਜਾ ਦਲੀਪ ਸਿੰਘ ਨੂੰ ਅੰਗ੍ਰੇਜਾਂ ਨਾਲ ਰਲਕੇ ਜ਼ਲੀਲ ਕੀਤਾ ਅਤੇ ਓਹ ਜੀਉਂਦੇ ਜੀਅ ਪੰਜਾਬ ਦੀ ਧਰਤੀ ਦਾ ਸਪਰਸ਼ ਕਰਨ ਦੀ ਆਸ ਮਨ ਵਿਚ ਲੈ ਕੇ ਇਸ ਦੁਨੀਆਂ ਵਿਚੋਂ ਟੁਰ ਗਏ। ਹੋਰ ਸੁਨੋ ਮਹਾਰਾਜਾ ਦਲੀਪ ਸਿੰਘ ਦੀ ਧੀ ਪੰਜਾਬ ਵਿਚ ਆਕੇ ਰੌਂਦੀ ਰਹੀ ਰੁਲਦੀ ਰਹੀ, ਕਿਸੇ ਨਾਮ ਧਰੀਕ ਖ਼ਾਨਦਾਨੀ ਮਜੀਠੀਏ ਸਮੇਤ ਉਸਦੀ ਬਾਹ ਨਾ ਫ਼ੜੀ । ਅਖ਼ੀਰ ਓਹ ਲਾਹੋਰ ਵਿਚ ਰੁਲਦੀ ਇਸ ਦੁਨੀਆਂ ਤੋਂ੦ ਟੁਰ ਗਈ!!

ਇਹ ਹਨ ਸਾਡੇ ਸਰਦਾਰ ਮਜੀਠੀਏ, ਢਿੱਲੋ, ਗਿੱਲ, ਬਰਾੜ ਆਦਿਕ ਬੁਰਛੇ ਜੋ ਕਿ ਸਿਖ ਕੌਮ ਦਾ ਰਾਜ ਭਾਗ ਤਬਾਹ ਕਰਕੇ ਆਪਣੇ ਘਰ ਭਰਨ ਉਪਰ ਲਗੇ ਹੋਏ ਹਨ। ਓਏ! ਸੂਰਮੇਂ ਨੌਜਵਾਨ ਸਿੰਘੋ ਜਾਗੋ, ਸਤਿਗੁਰੂ ਗਰੰਥ ਸਾਹਿਬ ਦੀ "ਸਚੀ ਬਾਣੀ" ਪੜ੍ਹੋ, ਵਿਚਾਰੋ ਅਤੇ ਅਮਲ ਕਰੋ । ਸਤਿਗੁਰੂ ਪਾਤਿਸ਼ਾਹ ਜੀ ਦਾ ਬਚਨ ਹੇ: " ਰੋਸ ਨਾ ਕੀਚੇ ਉਤਰ ਦੀਜੈ", ਪੰਥ ਦੀ ਤਬਾਹੀ ਦਾ ਕਾਰਨ ਨਾ ਬਣੋ ਅਤੇ ਕੇਸਾਧਾਰੀ ਹਿੰਦੂ "ਧੁੰਮਾ", "ਗੁਰਬਚਨ ਸਿਹੁੰ" ਦੇ ਹਥਾਂ ਦੀ ਕਠਪੁਤਲੀ ਨਾ ਬਣੋਂ !! ਅਕਾਲ-ਤਖ਼ਤ ਸਾਹਿਬ ਉਤੇ ਡੇਰੇ ਵਾਲਿਆ, RSS ਦਾ ਪਕਾ ਕਬਜਾ ਹੋ ਚੁਕਾ ਹੈ. ਗੁਰੂ - ਸਿਧਾਂਤ ਤੋਂ ਉਲਟ ਰੋਜ਼ ੫੦ ਮਨ ਦੁਧ ਦਰਬਾਰ ਸਾਹਿਬ ਦੇ ਅੰਦਰ ਰੋੜਿਆ ਜਾਂਦਾ ਹੈ, ਠੀਕ ਉਵੇਂ ਜਿਵੇ ਹਿੰਦੂ ਸਿਵਲਿੰਗ ਉਤੇ ਰੋੜਦਾ ਹੈ। ਜਾਓ ਤਸਲੀ ਲਈ "O MY GOD" ਫਿਲਮ ਵੇਖ ਲਵੋ !! ਦੁਧ ਪਸ਼ੂ ਦਾ ਚਿਟਾ ਲਹੂ ਹੈ। ਜਿਹੜੇ ਸਪ੍ਰੇ ਪਰਫਿਊਮ ਤੁਸੀਂ ਦਰਬਾਰ ਸਾਹਿਬ ਹਰ ਪੰਜ ਮਿੰਟਾਂ ਬਾਅਦ ਛਿੜਕਦੇ ਹੋ, ਉਹ ਅਲਕੋਹਲ ਸ਼ਰਾਬ ਹੁੰਦੀਂ ਹੈ। ਦੁਧ ਨਾਲ ਦਰਬਾਰ ਸਾਹਿਬ ਨੂੰ ਧੌਣ

ਕਾਰਨ ਸਾਰਾ ਦਿਨ ਮਖੀਆਂ ਦਰਬਾਰ ਸਾਹਿਬ ਅੰਦਰ ਉਡਦੀਆਂ ਹਨ ਤੇ ਕੀਰਤਨ ਕਾਰਨ ਵਾਲਿਆਂ ਦੇ ਮੂੰਹ ਵਿਚ ਪੈਂਦੀਆਂ ਹਨ ਅਤੇ ਉਨਾ੍ਂਹ ਨੂੰ ਇਕਾਗਰ ਹੋਕੇ ਕੀਰਤਨ ਵੀ ਨਹੀ ਕਰਨ ਦਿੰਦਿਆਂ। ਇਹ ਦੁਧ ਨਾਲ ਧੋਂਣ ਦਾ ਕਮਾਲ ਹੇ। ਇਸੇ ਕਰਕੇ ਸਰੋਵਰ ਦਾ ਪਾਣੀ ਵੀ ਸਾਫ਼ ਅਤੇ ਸਵਛ ਨਹੀ ਹੋ ਰਿਹਾ, ਭਾਵੇਂ ਤੁਸੀਂ ਲਖਾਂ ਰੁਪਏ ਖ਼ਰਚ ਕੇ ਪਾਣੀ ਸਾਫ਼ ਕਰਨ ਦੀਆਂ ਮਸ਼ੀਨਾ ਲਾਈਆਂ ਹਨ।

ਫਿਰ ਵੀ ਕਿਰਤੀ ਸਿੰਘ ਅਤਿ ਦੀ ਠੰਡ ਵਿਚ ਵੀ ਸਰੋਵਰ ਵਿਚ ਡੁਬ ਕੇ ਜਾਲਾ ਸਾਰਾ ਦਿਨ ਸਾਫ਼ ਕਰਦੇ ਰਹਿਦੇ ਹਨ, ਫਿਰ ਵੀ ਗੰਦ ਸਾਫ਼ ਨਹੀ ਹੁੰਦਾ, ਇਹ ਹੈ ਤੁਹਾਡਾ ਦਰਬਾਰ ਸਾਹਿਬ ਨੂੰ ਦੁਧ ਨਾਲ ਅਪਵਿਤਰ ਕਰਨ ਦਾ ਕਮਾਲ। ਕੀ ਸਰੋਵਰ ਦਾ ਜਲ ਅਪਵਿਤਰ ਹੇ ਅਤੇ ਦੁਧ ਪਵਿਤਰ ਹੇ ?

ਸਿਖੀ ਵਿਚ ਮਰਦ ਅਤੇ ਬੀਬੀਆਂ ਬਰਾਬਰ ਹਨ ਤਾਂ ਦਰਬਾਰ ਸਾਹਿਬ ਅੰਦਰ ਬੀਬੀਆਂ ਕਿਉ ਨਹੀਂ ਕੀਰਤਨ ਕਰ ਸਕਦੀਆਂ!!

"ਧੁੰਮਾਂ" ਜੋਕਿ ਗਿੱਲ ਤੇ ਹਿੰਦੁਸਤਾਨ ਏਜੰਸੀਆਂ ਦਾ ਏਜੰਟ ਹੈ ਉਸਨੇ ਟਕਸਾਲੀਏ ਗੁਰਬਚਨ ਸਿੰਹ ਨਾਲ ਰਲ ਕੇ ਸਿਖਾਂ ਅੰਦਰ ਖ਼ਾਨਾ-ਜੰਗੀਂ ਦੇ ਹਾਲਤ ਪੈਦਾ ਕਰ ਦਿਤੇ ਹਨ। "ਲਵ - ਕੁਸ਼ " ਦੀ ਉਲਾਦ ਟਕਸਾਲ ਨੇ ਸਤਿਗੁਰੂ ਗਰੰਥ ਸਾਹਿਬ ਜੀ ਦਾ ਸਰੂਪ ਵਿਗਾੜਨਾ ਵੀ ਸੁਰੂ ਕੀਤਾ ਹੋਇਆ ਹੈ !! ਓੁਹਨਾ ਨੇ ਮੂਲਮੰਤਰ ਅਤੇ ਜਪੁ ਸਾਹਿਬ ਦਾ ਸਰੂਪ ਹੀ ਵਿਗਾੜ ਦਿਤਾ ਹੈ ਅਤੇ ਆਪ ਗੁਰੂ ਤੋਂ ਉਪਰ ਬਣ ਗਏ ਹਨ।

ਡੇਰੇ ਦਾਰੋ !! ਜੇਕਰ ਤੁਹਾਡੇ ਅੰਦਰ ਰਤੀ ਭਰ ਵੀ ਸਿਖੀ ਹੈ ਤਾ ਆਓ ਗੋਸ਼ਟਿ, ਵਿਚਾਰ ਕਰੀਏ ਸਤਿਗੁਰੂ ਗਰੰਥ ਸਾਹਿਬ ਦੀ ਰੋਸ਼ਨੀ ਵਿਚ ਅਤੇ ਪੰਥ ਦੀ ਏਕਤਾ ਲਈ ਹਮੇਸ਼ਾ -੨ ਲਈ ਜੋ ਮਸਲੇ ਹਨ, ਓਹਨਾ ਦਾ ਪੰਥਕ ਪਲੇਟ ਫਾਰਮ ਉਤੇ ਹਲ ਲਭ ਕੇ ਪੰਥ ਨੂ ਖ਼ਾਨਾ ਜੰਗੀ ਤੋਂ ਬਚਾਈਏ, ਜਿਸ ਵਿਚ ਅਕਾਲ ਤਖ਼ਤ  ਉਤੇ ਕਾਬਜ ਡੇਰਾਦਾਰ ਤਬਕਾ ਬੁਰੀ ਤਰ੍ਹਾਂ ਫੇਲ ਹੋਇਆ ਹੈ ਅਤੇ ਗੁਰਬਚਨ ਸਿਹੰ_ ਦੀ ਨੀਯਤ ਸਾਫ਼ ਨਹੀ - ਉਹ ਸਿਖੀ ਦਾ ਘਾਣ ਕਰਨਾ ਚਾਹੁੰਦੇਂ ਹਨ!!